# ਪੰਜਾਬ ਵਿਧਾਨ ਸਭਾ ਸਕੱਤਰੇਤ

-----------

## 16ਵੀਂ ਪੰਜਾਬ ਵਿਧਾਨ ਸਭਾ

## ਚੌਥਾ ਸਮਾਗਮ

-----------

## ਕਾਰਜ ਸੂਚੀ

20 ਅਕਤੂਬਰ 2023

11:00 ਪੂਰਵ ਦੁਪਹਿਰ

1. <u>ਅਕਾਲ ਚਲਾਣਿਆਂ ਦਾ ਵਰਨਣ</u>

(1) ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਨਣ ਕੀਤਾ ਜਾਵੇਗਾ :-

1. ਡਾਕਟਰ ਮਨੋਹਰ ਸਿੰਘ ਗਿੱਲ, ਸਾਬਕਾ ਕੇਂਦਰੀ ਮੰਤਰੀ;
2. ਸ. ਬੀਰ ਦਵਿੰਦਰ ਸਿੰਘ, ਸਾਬਕਾ ਡਿਪਟੀ ਸਪੀਕਰ;
3. ਸ. ਗੁਰਬਿੰਦਰ ਸਿੰਘ ਅਟਵਾਲ, ਸਾਬਕਾ ਸੰਸਦੀ ਸਕੱਤਰ;
4. ਸ੍ਰੀ ਰਾਮ ਕਿਸ਼ਨ ਕਟਾਰੀਆ, ਸਾਬਕਾ ਐਮ.ਐਲ.ਏ.;
5. ਸ੍ਰੀ ਜੈਮਲ ਸਿੰਘ, ਆਜ਼ਾਦੀ ਘੁਲਾਟੀਆ;
6. ਸ੍ਰੀ ਅਨੋਖ ਸਿੰਘ, ਆਜ਼ਾਦੀ ਘੁਲਾਟੀਆ;
7. ਸ੍ਰੀ ਦਰਸ਼ਨ ਸਿੰਘ, ਆਜ਼ਾਦੀ ਘੁਲਾਟੀਆ;
8. ਸ਼ਹੀਦ ਕਰਨਲ ਮਨਪ੍ਰੀਤ ਸਿੰਘ;
9. ਸ਼ਹੀਦ ਸਿਪਾਹੀ ਪ੍ਰਦੀਪ ਸਿੰਘ;
10. ਸ਼ਹੀਦ ਸਿਪਾਹੀ ਪਰਵਿੰਦਰ ਸਿੰਘ;
11. ਸ਼ਹੀਦ ਸਿਪਾਹੀ ਤਰਨਦੀਪ ਸਿੰਘ;
12. ਪ੍ਰੋਫੈਸਰ ਬਲਬੀਰ ਚੰਦ ਵਰਮਾ;
13. ਡਾਕਟਰ ਅਮਰ ਸਿੰਘ ਆਜ਼ਾਦ; ਅਤੇ
14. ਸ੍ਰੀ ਸੁਰਿੰਦਰ ਸ਼ਿੰਦਾ, ਗਾਇਕ।

2. ਪ੍ਰਸ਼ਨ

(1) ਵੱਖ ਸੂਚੀ ਵਿੱਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ।

3. <u>ਮਾਣਯੋਗ ਸਪੀਕਰ ਦੁਆਰਾ ਐਲਾਨ</u>

4. <u>ਧਿਆਨ ਦਿਵਾਊ ਨੋਟਿਸ</u>

(1)
**ਸ਼੍ਰੀ ਨਰੇਸ਼ ਪੁਰੀ, ਐਮ.ਐਲ.ਏ.:-** ਜਲ ਸਰੋਤ ਮੰਤਰੀ ਦਾ ਧਿਆਨ ਸੁਜਾਨਪੁਰ, ਜ਼ਿਲ੍ਹਾ ਪਠਾਨਕੋਟ ਵਿੱਚ ਪੁੱਡਾ ਅਤੇ ਜਲ ਸਰੋਤ ਵਿਭਾਗ ਨਾਲ ਸਬੰਧਿਤ ਜ਼ਮੀਨ ਤੇ ਹੋਏ ਨਜਾਇਜ਼ ਕਬਜ਼ਿਆਂ ਵੱਲ ਦਿਵਾਉਣਗੇ।

(ਨੰ. 76)

(2) **ਸਰਦਾਰ ਬਲਕਾਰ ਸਿੰਘ ਸਿੱਧੂ, ਐਮ.ਐਲ.ਏ.:-** ਸਥਾਨਕ ਸਰਕਾਰ ਮੰਤਰੀ ਦਾ ਧਿਆਨ ਸੂਬੇ ਵਿੱਚ ਟੈਕਸੀ ਸਟੈਂਡ, ਰਿਕਸ਼ਾ ਸਟੈਂਡ, ਆਟੋ ਸਟੈਂਡ ਅਤੇ ਬਜ਼ਾਰਾਂ ਵਿੱਚ ਕੋਈ ਵੀ ਪਬਲਿਕ ਟਾਇਲਟ ਉਪਲੱਬਧ ਨਾ ਹੋਣ ਕਾਰਨ ਲੋਕਾਂ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ ਵੱਲ ਦਿਵਾਉਣਗੇ।

(ਨੰ. 83)

(3) **ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:-** ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਦਾ ਧਿਆਨ ਸ੍ਰੀ ਗੁਰੂ ਗੋਬਿੰਦ ਸਿੰਘ, ਮੈਡੀਕਲ ਕਾਲਜ, ਫਰੀਦਕੋਟ ਵਿੱਚ ਅੰਮ੍ਰਿਤ ਫਾਰਮੇਸੀ ਦੁਆਰਾ ਲੋਕਾਂ ਨੂੰ ਵੇਚੀਆਂ ਜਾ ਰਹੀਆਂ ਦਵਾਈਆਂ ਵਿੱਚ ਅਪਣਾਏ ਜਾ ਰਹੇ ਗਲਤ ਤਰੀਕਿਆਂ ਵੱਲ ਦਿਵਾਉਣਗੇ।

(ਨੰ. 99)

## 5. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ

(1)
**ਇੱਕ ਮੰਤਰੀ** ਸਾਲ 2019-20 ਲਈ ਪੰਜਾਬ ਪੱਛੜੀਆਂ ਸ਼੍ਰੇਣੀਆਂ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਪੱਛੜੀਆਂ ਸ਼੍ਰੇਣੀਆਂ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 27 (6) ਅਧੀਨ ਲੋੜੀਂਦਾ ਹੈ।

(2)
**ਇੱਕ ਮੰਤਰੀ** ਸਾਲ 2018-19 ਲਈ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ 52ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਵੇਅਰ ਹਾਊਸਿੰਗ ਕਾਰਪੋਰੇਸ਼ਨ ਐਕਟ, 1962 ਦੀ ਧਾਰਾ 31 (11) ਅਧੀਨ ਲੋੜੀਂਦਾ ਹੈ।

(3)
**ਇੱਕ ਮੰਤਰੀ** ਸਾਲ 2020-21 ਲਈ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੌਮੀ ਸੁਰੱਖਿਆ ਐਕਟ, 2013 ਦੀ ਧਾਰਾ 16 (6) ਅਧੀਨ ਲੋੜੀਂਦਾ ਹੈ।

(4)
**ਇੱਕ ਮੰਤਰੀ** ਸਾਲ 2021-22 ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਐਕਟ, 1969 (ਸੋਧਨਾ ਐਕਟ, 2017) ਦੀ ਧਾਰਾ 19 (5) ਅਧੀਨ ਲੋੜੀਂਦਾ ਹੈ।

(5)
**ਇੱਕ ਮੰਤਰੀ** ਸਾਲ 2021-22 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਿਡ ਦੀ 12ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਉਪ-ਧਾਰਾ 395 ਅਧੀਨ ਲੋੜੀਂਦਾ ਹੈ।

(6)
**ਇੱਕ ਮੰਤਰੀ** ਸਾਲ 2019-20 ਲਈ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

(7)
**ਇੱਕ ਮੰਤਰੀ** ਸਾਲ 2020-21 ਲਈ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

(8)
**ਇੱਕ ਮੰਤਰੀ** ਸਾਲ 2021-22 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

(9)
**ਇੱਕ ਮੰਤਰੀ** ਸਾਲ 2021-22 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 39 (3) ਅਧੀਨ ਲੋੜੀਂਦਾ ਹੈ।

(10)
**ਇੱਕ ਮੰਤਰੀ** ਸਾਲ 2020-21 ਲਈ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ ਦੀ 55ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 (1) ਅਧੀਨ ਲੋੜੀਂਦਾ ਹੈ।

(11)
**ਇੱਕ ਮੰਤਰੀ** ਸਾਲ 2018-19 ਲਈ ਪੰਜਾਬ ਛੋਟੇ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394-395 ਅਧੀਨ ਲੋੜੀਂਦਾ ਹੈ।

(12)
**ਇੱਕ ਮੰਤਰੀ** ਵਿੱਤੀ ਸਾਲ 2022-23 (01.04.2022 ਤੋਂ 31.03.2023) ਲਈ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਖਰਚੇ ਦੀ ਪ੍ਰਵਿਰਤੀ ਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।

6. <u>ਵਿਧਾਨਿਕ ਕੰਮ-ਕਾਰ</u>

(1) **ਇੱਕ ਮੰਤਰੀ** ਟਰਾਂਸਫਰ ਆਫ ਪ੍ਰਾਪਰਟੀ (ਪੰਜਾਬ ਸੋਧਨਾ) ਬਿਲ, 2023 ਪੇਸ਼ ਕਰਨਗੇ।ਪ੍ਰਸਤਾਵ ਕਰਨਗੇ ਕਿ ਟਰਾਂਸਫਰ ਆਫ ਪ੍ਰਾਪਰਟੀ (ਪੰਜਾਬ ਸੋਧਨਾ) ਬਿਲ, 2023 ਤੇ ਤੁਰਤ ਵਿਚਾਰ ਕੀਤਾ ਜਾਵੇ। ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਰਾਮ ਲੋਕ ਖਟਾਣਾ**

ਚੰਡੀਗੜ੍ਹ -160001
ਮਿਤੀ:੨੦ ਅਕਤੂਬਰ ੨੦੨੩ ਸ਼ੁੱਕਰਵਾਰ

ਸਕੱਤਰ
ਪੰਜਾਬ ਵਿਧਾਨ ਸਭਾ ਸਕੱਤਰੇਤ